Australian Government
Department of Home Affairs

# ਡਿਜ਼ਿਟਲ ਯਾਤਰੀ ਘੋਸ਼ਣਾ

## ਸੰਖੇਪ ਜਾਣਕਾਰੀ

ਹਵਾਈ ਮਾਰਗ ਰਾਹੀਂ ਆਸਟ੍ਰੇਲੀਆ ਪਹੁੰਚਣ ਵਾਲੇ ਸਾਰੇ ਯਾਤਰੀਆਂ ਨੂੰ DPD ਪੂਰੀ ਕਰਨਾ ਚਾਹੀਦਾ ਹੈ। ਤੁਸੀਂ ਆਪਣੀ DPD ਨੂੰ ਆਪਣੀ ਉਡਾਣ ਤੋਂ ਸੱਤ ਦਿਨ ਪਹਿਲਾਂ ਸ਼ੁਰੂ ਕਰ ਸਕਦੇ ਹੋ ਪਰ ਤੁਹਾਨੂੰ ਲਾਜ਼ਮੀ ਤੌਰ 'ਤੇ ਇਸ ਨੂੰ ਆਸਟ੍ਰੇਲੀਆ ਲਈ ਰਵਾਨਾ ਹੋਣ ਤੋਂ ਪਹਿਲਾਂ ਜਮ੍ਹਾਂ ਕਰਵਾਉਣਾ ਚਾਹੀਦਾ ਹੈ। ਜਿਹੜੇ ਯਾਤਰੀ ਰਵਾਨਗੀ ਤੋਂ ਪਹਿਲਾਂ DPD ਪੂਰੀ ਨਹੀਂ ਕਰਦੇ, ਉਨ੍ਹਾਂ ਨੂੰ ਆਸਟ੍ਰੇਲੀਆ ਪਹੁੰਚਣ 'ਤੇ ਬੇਲੋੜੀ ਦੇਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

DPD ਨੂੰ ਭਰਦੇ ਸਮੇਂ, ਤੁਹਾਨੂੰ ਹੇਠ ਲਿਖਿਆਂ ਦੀ ਲੋੜ ਪਵੇਗੀ:

- ਆਪਣੇ ਸੰਪਰਕ ਦੇ ਵੇਰਵੇ ਪ੍ਰਦਾਨ ਕਰਵਾਓ, ਜਿਸ ਵਿੱਚ ਆਸਟ੍ਰੇਲੀਆ ਵਿੱਚ ਇਕ ਸੰਪਰਕ ਫ਼ੋਨ ਨੰਬਰ ਵੀ ਸ਼ਾਮਲ ਹੈ
- ਆਪਣੀ ਟੀਕਾਕਰਨ ਸਥਿਤੀ ਦੇ ਸਬੰਧ ਵਿੱਚ ਕਾਨੂੰਨੀ ਤੌਰ 'ਤੇ ਬੰਧਨ ਵਾਲੀ ਘੋਸ਼ਣਾ ਕਰੋ
- ਪਿਛਲੇ 14 ਦਿਨਾਂ ਵਿੱਚ ਤੁਹਾਡੇ ਯਾਤਰਾ ਦੇ ਇਤਿਹਾਸ ਬਾਰੇ ਘੋਸ਼ਣਾ ਕਰੋ
- ਘੋਸ਼ਣਾ ਕਰੋ ਕਿ ਤੁਸੀਂ ਕੁਆਰੰਟੀਨ ਅਤੇ ਟੈਸਟ ਕਰਨ ਦੀਆਂ ਲੋੜਾਂ ਤੋਂ ਜਾਣੂ ਹੋ ਜੋ ਆਸਟ੍ਰੇਲੀਆ ਵਿੱਚ ਆਉਣ ਵੇਲੇ ਲਾਗੂ ਹੁੰਦੀਆਂ ਹਨ ਅਤੇ ਜਿਸ ਪ੍ਰਾਂਤ ਜਾਂ ਕੇਂਦਰੀ ਪ੍ਰਦੇਸ਼ ਵਿੱਚ ਤੁਸੀਂ ਉਤਰ ਰਹੇ ਹੋ ਅਤੇ ਪਾਲਣਾ ਨਾ ਕਰਨ ਵਾਸਤੇ ਜੁਰਮਾਨੇ।

**ਨੋਟ**: ਇਸ ਤੋਂ ਪਹਿਲਾਂ ਕਿ ਤੁਸੀਂ ਆਪਣੇ DPD ਨੂੰ ਪੂਰਾ ਕਰੋ, ਆਸਟ੍ਰੇਲੀਆ ਵਾਸਤੇ ਯਾਤਰਾ ਦੀਆਂ ਹੋਰ ਸਾਰੀਆਂ ਲੋੜਾਂ ਦੀ ਜਾਂਚ ਕਰੋ। ਯਾਤਰਾ ਕਰਨ ਤੋਂ ਪਹਿਲਾਂ ਤੁਹਾਨੂੰ ਲੋੜੀਂਦੇ ਸਾਰੇ ਦਸਤਾਵੇਜ਼ਾਂ ਦੀ ਸੂਚੀ ਲਈ ਟੀਕੇ ਲੱਗੇ ਯਾਤਰੀਆਂ ਅਤੇ ਟੀਕੇ ਨਾ ਲੱਗੇ ਯਾਤਰੀਆਂ ਬਾਰੇ ਜਾਣਕਾਰੀ ਵੇਖੋ।

## ਜ਼ੁਰਮਾਨੇ ਅਤੇ ਕਾਨੂੰਨੀ ਤੌਰ 'ਤੇ ਲਾਗੂ ਕਰਨਾ

DPD ਅਹਿਮ ਸਿਹਤ ਜਾਣਕਾਰੀ ਦੀ ਬੇਨਤੀ ਕਰਦਾ ਹੈ। ਤੁਹਾਨੂੰ ਲਾਜ਼ਮੀ ਤੌਰ 'ਤੇ ਇਸ ਗੱਲ ਦੇ ਸਬੂਤ ਪ੍ਰਦਾਨ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਕਿ ਅਹਿਮ ਜਾਣਕਾਰੀ ਨੂੰ ਜਹਾਜ਼ ਵਿੱਚ ਚੜ੍ਹਨ ਤੋਂ ਪਹਿਲਾਂ ਪੂਰਾ ਕੀਤਾ ਗਿਆ ਸੀ। ਇਹ ਇਕ ਕਾਨੂੰਨੀ ਲੋੜ ਹੈ। ਕੋਈ ਵਿਅਕਤੀ ਜੋ ਲੋੜ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦਾ ਹੈ, ਉਹ 30 ਹਰਜਾਨੇ (ਪੈਨਲਟੀ) ਯੂਨਿਟਾਂ (ਵਰਤਮਾਨ ਸਮੇਂ 6,660 ਆਸਟ੍ਰੇਲੀਅਨ ਡਾਲਰ) ਦੇ ਸਿਵਲ ਹਰਜਾਨੇ (ਜੁਰਮਾਨੇ) ਲਈ ਜ਼ਿੰਮੇਵਾਰ ਹੋ ਸਕਦਾ ਹੈ। ਇਹ ਜੈਵਿਕ-ਸੁਰੱਖਿਆ (ਬਾਇਓਸਕਿਓਰਿਟੀ) ਕਾਨੂੰਨ 2015 ਦੀ ਧਾਰਾ 46 ਵਿੱਚ ਨਿਰਧਾਰਤ ਕੀਤਾ ਗਿਆ ਹੈ।

**ਆਸਟ੍ਰੇਲੀਆ ਦੀ ਸਰਕਾਰ ਨੂੰ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣਾ ਇੱਕ ਗੰਭੀਰ ਜ਼ੁਰਮ ਹੈ। ਜੇ ਦੋਸ਼ੀ ਪਾਏ ਜਾਂਦੇ ਹੋ, ਤਾਂ ਵੱਧ ਤੋਂ ਵੱਧ ਸਜ਼ਾ 12 ਮਹੀਨਿਆਂ ਲਈ ਕੈਦ ਹੈ।**

ਜਨਤਕ ਸਿਹਤ ਆਦੇਸ਼ਾਂ ਦੀ ਪਾਲਣਾ ਨੂੰ ਲਾਗੂ ਕਰਨ ਲਈ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵੀ ਦੰਡਾਂ ਨੂੰ ਲਾਗੂ ਕਰ ਸਕਦੇ ਹਨ। ਇਸ ਵਿੱਚ COVID-19 ਲਈ ਟੈਸਟ ਕਰਵਾਉਣਾ ਅਤੇ ਸਵੈ-ਇਕਾਂਤਵਾਸ ਜਾਂ ਕੁਆਰੰਟੀਨ ਦੀਆਂ ਜ਼ਰੂਰਤਾਂ ਸ਼ਾਮਲ ਹੋ ਸਕਦੀਆਂ ਹਨ। ਜੇ ਤੁਸੀਂ ਪਾਲਣਾ ਨਹੀਂ ਕਰਦੇ ਹੋ, ਜਿਸ ਵਿੱਚ ਦਾਖਲ ਹੋਣ ਦੇ ਬਾਅਦ ਵਾਲੀਆਂ ਕੋਈ ਲੋੜਾਂ ਵੀ ਸ਼ਾਮਲ ਹਨ, ਤਾਂ ਤੁਹਾਨੂੰ ਗੰਭੀਰ ਦੰਡਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਵਿੱਚ ਕੈਦ ਜਾਂ ਜ਼ਿਕਰਯੋਗ ਜੁਰਮਾਨੇ ਸ਼ਾਮਲ ਹਨ। ਥੋੜ੍ਹੇ ਸਮੇਂ ਦੇ ਨੋਟਿਸ 'ਤੇ ਲੋੜਾਂ ਵਿੱਚ ਤਬਦੀਲੀ ਹੋ ਸਕਦੀ ਹੈ। ਵਧੇਰੇ ਜਾਣਕਾਰੀ ਵਾਸਤੇ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੀਆਂ ਪਹੁੰਚਣ ਦੀਆਂ ਲੋੜਾਂ ਵੇਖੋ।

**ਜਿਹੜੇ ਵੀਜ਼ਾ ਧਾਰਕ ਆਸਟ੍ਰੇਲੀਆ ਪਹੁੰਚਦੇ ਹਨ, ਉਹਨਾਂ ਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਹਨਾਂ ਨੂੰ ਨਜ਼ਰਬੰਦ ਕਰਕੇ ਵਾਪਸ ਭੇਜਿਆ ਜਾ ਸਕਦਾ ਹੈ ਜੇਕਰ ਉਹਨਾਂ ਨੇ:**

- **ਆਸਟ੍ਰੇਲੀਆ ਦੀਆਂ ਸਰਹੱਦੀ ਦਾਖਲੇ ਦੀਆਂ ਲੋੜਾਂ ਅਨੁਸਾਰ ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਪੂਰੀ ਤਰ੍ਹਾਂ ਟੀਕੇ ਨਹੀਂ ਲਗਵਾਏ ਹਨ; ਜਾਂ**
- **ਆਸਟ੍ਰੇਲੀਆ ਦੀ ਸਰਕਾਰ ਦੁਆਰਾ ਪਰਿਭਾਸ਼ਿਤ ਕੀਤੇ ਅਨੁਸਾਰ ਕਿਸੇ COVID-19 ਦੇ ਟੀਕੇ ਵਾਸਤੇ ਕੋਈ ਡਾਕਟਰੀ ਮਨਾਹੀ ਨਹੀਂ ਹੈ; ਜਾਂ**
- **ਕਿਸੇ *ਛੋਟ ਵਾਲੀ ਸ਼੍ਰੇਣੀ* ਵਿੱਚ ਨਹੀਂ ਹਨ ਜਾਂ ਉਹਨਾਂ ਕੋਲ ਕੋਈ ਵਿਅਕਤੀਗਤ ਯਾਤਰਾ ਛੋਟ ਹੈ।**

## ਆਪਣੀ ਘੋਸ਼ਣਾ ਨੂੰ ਪੂਰਾ ਕਰੋ

ਮੋਬਾਈਲ ਉੱਤੇ ਮੁਫ਼ਤ ਆਸਟ੍ਰੇਲੀਆ ਡਿਜ਼ਿਟਲ ਯਾਤਰੀ ਘੋਸ਼ਣਾ ਐਪ ਨੂੰ ਐਪ ਸਟੋਰ (ਐਪਲ) ਜਾਂ ਗੂਗਲ ਪਲੇਅ ਸਟੋਰ (ਐਂਡਰੋਇਡ) ਤੋਂ ਡਾਊਨਲੋਡ ਕਰਕੇ ਇਸ ਦੀ ਵਰਤੋਂ ਕਰੋ।

ਜੇ ਤੁਸੀਂ ਮੋਬਾਈਲ ਐਪ ਦੀ ਵਰਤੋਂ ਨਹੀਂ ਕਰ ਸਕਦੇ, ਤਾਂ ਤੁਸੀਂ DPD ਔਨਲਾਈਨ ਫਾਰਮ ਦੀ ਵਰਤੋਂ ਕਰਕੇ ਆਪਣੇ DPD ਨੂੰ ਜਮ੍ਹਾਂ ਕਰਵਾ ਸਕਦੇ ਹੋ।

ਤੁਹਾਨੂੰ ਇਕ ਖਾਤਾ (ਅਕਾਊਂਟ) ਬਣਾਉਣ ਦੀ ਲੋੜ ਪਵੇਗੀ, ਜੋ ਤੁਹਾਨੂੰ ਇਕ ਥਾਂ ਉੱਤੇ ਆਪਣੇ ਵਰਤਮਾਨ ਅਤੇ ਭਵਿੱਖ ਦੇ ਐਲਾਨਾਂ ਦਾ ਪ੍ਰਬੰਧ ਕਰਨ ਦੇ ਯੋਗ ਬਣਾਵੇਗਾ।

## ਆਪਣਾ ਘੋਸ਼ਣਾ ਪੱਤਰ ਸ਼ੁਰੂ ਕਰਨਾ

ਤੁਹਾਨੂੰ DPD ਵਾਸਤੇ ਭੁਗਤਾਨ ਕਰਨ ਦੀ ਲੋੜ ਨਹੀਂ ਹੈ – ਇਹ ਮੁਫ਼ਤ ਹੈ।

ਇਸ ਤੋਂ ਪਹਿਲਾਂ ਕਿ ਤੁਸੀਂ ਆਪਣਾ ਘੋਸ਼ਣਾ ਪੱਤਰ ਭਰਨਾ ਸ਼ੁਰੂ ਕਰੋ, ਹੇਠਾਂ ਲਿਖੀ ਜਾਣਕਾਰੀ ਨੂੰ ਤਿਆਰ ਰੱਖੋ:

- ਉਡਾਣ ਦਾ ਨੰਬਰ
- ਵੈਧ ਪਾਸਪੋਰਟ
- ਯਾਤਰਾ ਦਾ ਇਤਿਹਾਸ (ਉਡਾਣ ਤੋਂ 14 ਦਿਨ ਪਹਿਲਾਂ)
- ਮੰਜ਼ਿਲ ਅਤੇ ਕੁਆਰੰਟੀਨ ਦੇ ਇੰਤਜ਼ਾਮ (ਜੇ ਲੋੜ ਪੈਂਦੀ ਹੈ)
- COVID-19 ਟੀਕਾਕਰਨ ਦਾ ਰਿਕਾਰਡ ਜਾਂ ਸਵੀਕਾਰਯੋਗ ਸਬੂਤ ਕਿ ਤੁਹਾਨੂੰ ਡਾਕਟਰੀ ਕਾਰਨਾਂ ਕਰਕੇ ਟੀਕਾ ਨਹੀਂ ਲਗਾਇਆ ਜਾ ਸਕਦਾ।

ਹਰੇਕ ਯਾਤਰੀ ਨੂੰ ਇਕ DPD ਪੂਰੀ ਕਰਨ ਦੀ ਲੋੜ ਹੁੰਦੀ ਹੈ। ਮਾਪਿਆਂ ਜਾਂ ਸਰਪ੍ਰਸਤਾਂ ਨੂੰ 16 ਸਾਲ ਤੋਂ ਘੱਟ ਉਮਰ ਦੇ ਹਰ ਬੱਚੇ ਵਾਸਤੇ ਘੋਸ਼ਣਾ ਪੱਤਰ ਪੂਰਾ ਕਰਨਾ ਚਾਹੀਦਾ ਹੈ। ਕੋਈ ਵੀ ਜੋ 16 ਸਾਲਾਂ ਦਾ ਜਾਂ ਇਸ ਤੋਂ ਵੱਧ ਉਮਰ ਦਾ ਹੈ, ਉਸ ਨੂੰ ਆਪਣਾ ਘੋਸ਼ਣਾ ਪੱਤਰ ਪੂਰਾ ਕਰਨਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਕਿ ਤੁਸੀਂ ਆਸਟ੍ਰੇਲੀਆ ਵਾਸਤੇ ਰਵਾਨਾ ਹੋਵੋ, ਤੁਹਾਨੂੰ ਲਾਜ਼ਮੀ ਤੌਰ 'ਤੇ DPD ਨੂੰ ਭਰਨਾ ਚਾਹੀਦਾ ਹੈ।

## ਤੁਹਾਡਾ ਡਿਜ਼ਿਟਲ ਯਾਤਰੀ ਘੋਸ਼ਣਾ ਨਤੀਜਾ

ਪੂਰਾ ਕੀਤਾ DPD ਤੁਹਾਡੇ ਆਸਟ੍ਰੇਲੀਆ ਵਿੱਚ ਦਾਖਲੇ ਦੀ ਗਰੰਟੀ ਨਹੀਂ ਦਿੰਦਾ।

ਇਕ ਵਾਰ ਜਦੋਂ ਤੁਸੀਂ DPD ਜਮ੍ਹਾਂ ਕਰ ਦਿੰਦੇ ਹੋ, ਤਾਂ ਤੁਸੀਂ ਇਕ ਸਾਰਾਂਸ਼ ਸਕ੍ਰੀਨ ਵੇਖੋਗੇ ਜੋ ਤੁਹਾਡੇ ਲਈ ਆਪਣੀ ਉਡਾਣ ਵਿੱਚ ਚੜ੍ਹਨ ਤੋਂ ਪਹਿਲਾਂ ਏਅਰਲਾਈਨ ਦੇ ਕਰਮਚਾਰੀਆਂ ਨੂੰ ਵਿਖਾਉਣਾ ਲਾਜ਼ਮੀ ਹੈ (ਜਾਂ ਤਾਂ ਇਲੈਕਟ੍ਰੌਨਿਕ ਤੌਰ 'ਤੇ ਜਾਂ ਛਾਪੀ ਹੋਈ)। ਜਦੋਂ ਤੁਸੀਂ ਆਸਟ੍ਰੇਲੀਆ ਵਿੱਚ ਦਾਖਲ ਹੁੰਦੇ ਹੋ ਤਾਂ ਤੁਹਾਨੂੰ ਇਹ ਵਿਖਾਉਣ ਦੀ ਵੀ ਲੋੜ ਪਵੇਗੀ।

ਜਦੋਂ ਤੁਸੀਂ ਆਪਣੀ ਉਡਾਣ ਲਈ ਚੈੱਕ-ਇਨ ਕਰਦੇ ਹੋ ਤਾਂ ਏਅਰਲਾਈਨ ਦਾ ਕਰਮਚਾਰੀ ਤੁਹਾਡੀ ਸਿਹਤ ਸਥਿਤੀ ਦੀ ਸਮੀਖਿਆ ਕਰੇਗਾ। ਤੁਹਾਡਾ DPD ਤੁਹਾਡੀ ਸਿਹਤ ਅਵਸਥਾ ਨੂੰ ਜਾਂ ਤਾਂ ਇਸ ਤਰ੍ਹਾਂ ਵਿਖਾਏਗਾ:

- **ਪੂਰੀ**: ਉਹ ਜਾਣਕਾਰੀ ਜੋ ਤੁਸੀਂ ਆਪਣੀ ਘੋਸ਼ਣਾ ਵਿੱਚ ਦਰਜ ਕੀਤੀ ਹੈ, ਇਹ ਦਰਸਾਉਂਦੀ ਹੈ ਕਿ ਤੁਸੀਂ ਜਹਾਜ਼ ਵਿੱਚ ਚੜ੍ਹਣ ਲਈ COVID-19 ਦੀਆਂ ਸਿਹਤ ਜ਼ਰੂਰਤਾਂ ਨੂੰ ਪੂਰਾ ਕਰਦੇ ਹੋ। ਤੁਹਾਨੂੰ ਫਿਰ ਵੀ ਚੈੱਕ-ਇਨ ਦੇ ਮੌਕੇ ਆਪਣੇ ਦਸਤਾਵੇਜ਼ਾਂ ਨੂੰ ਵਿਖਾਉਣ ਦੀ ਲੋੜ ਪਵੇਗੀ। ਤੁਹਾਡੀ ਏਅਰਲਾਈਨ ਤੁਹਾਨੂੰ ਆਪਣੀ ਉਡਾਣ ਵਿੱਚ ਚੜ੍ਹਨ ਦੇਣ ਲਈ ਅੰਤਿਮ ਫੈਸਲਾ ਲਵੇਗੀ।
- **ਅਧੂਰੀ**: ਤੁਸੀਂ ਆਪਣੀ ਸਿਹਤ ਜਾਣਕਾਰੀ ਜਮ੍ਹਾਂ ਨਹੀਂ ਕੀਤੀ ਹੈ। ਡਿਜ਼ਿਟਲ ਯਾਤਰੀ ਘੋਸ਼ਣਾ ਪੱਤਰ ਅਹਿਮ ਸਿਹਤ ਜਾਣਕਾਰੀ ਦੀ ਬੇਨਤੀ ਕਰਦਾ ਹੈ। ਤੁਹਾਨੂੰ ਲਾਜ਼ਮੀ ਤੌਰ 'ਤੇ ਇਸ ਗੱਲ ਦੇ ਸਬੂਤ ਵਿਖਾਉਣ ਦੇ ਯੋਗ ਹੋਣਾ ਚਾਹੀਦਾ ਹੈ ਕਿ ਤੁਸੀਂ ਜਹਾਜ਼ ਵਿੱਚ ਚੜ੍ਹਨ ਤੋਂ ਪਹਿਲਾਂ ਅਹਿਮ ਜਾਣਕਾਰੀ ਨੂੰ ਪੂਰਾ ਕੀਤਾ ਸੀ।
- **ਚੈੱਕ-ਇਨ ਮੌਕੇ ਪੁਸ਼ਟੀ ਲੋੜੀਂਦੀ ਹੈ**: ਇਸ ਦਾ ਮਤਲਬ ਇਹ ਹੈ ਕਿ ਹੋ ਸਕਦਾ ਹੈ ਤੁਸੀਂ ਆਸਟ੍ਰੇਲੀਆ ਦੀ ਯਾਤਰਾ ਦੀਆਂ ਲੋੜਾਂ ਦੀ ਪੂਰਤੀ ਨਾ ਕੀਤੀ ਹੋਵੇ। ਚੈੱਕ-ਇਨ 'ਤੇ ਤੁਹਾਡੀ ਪੁਸ਼ਟੀ ਕੀਤੇ ਜਾਣ ਦੀ ਲੋੜ ਹੈ। ਤੁਹਾਡੀ ਏਅਰਲਾਈਨ ਫੈਸਲਾ ਕਰੇਗੀ ਕਿ ਕੀ ਤੁਸੀਂ ਯਾਤਰਾ ਕਰ ਸਕਦੇ ਹੋ। ਜੇ ਏਅਰਲਾਈਨ ਤੁਹਾਨੂੰ ਆਸਟ੍ਰੇਲੀਆ ਵੱਲ ਨੂੰ ਯਾਤਰਾ ਕਰਨ ਦੀ ਆਗਿਆ ਦਿੰਦੀ ਹੈ, ਤਾਂ ਪਹੁੰਚਣ 'ਤੇ ਤੁਹਾਨੂੰ ਕੁਆਰੰਟੀਨ ਕਰਨ ਦੀ ਲੋੜ ਪੈ ਸਕਦੀ ਹੈ। ਇਸ ਤੋਂ ਪਹਿਲਾਂ ਕਿ ਤੁਸੀਂ ਆਪਣਾ DPD ਸ਼ੁਰੂ ਕਰੋ, ਤੁਹਾਨੂੰ ਸਿਹਤ ਵਿਭਾਗ ਦੀ ਵੈੱਬਸਾਈਟ ਵੇਖਣੀ ਚਾਹੀਦੀ ਹੈ। ਇਸ ਵਿੱਚ ਉਹਨਾਂ ਮਹੱਤਵਪੂਰਣ ਸਿਹਤ ਨਿਯਮਾਂ ਦੇ ਵੇਰਵੇ ਹਨ ਜਿੰਨ੍ਹਾਂ ਦੀ ਯਾਤਰੀਆਂ ਨੂੰ ਆਸਟ੍ਰੇਲੀਆ ਆਉਣ ਸਮੇਂ ਪਾਲਣਾ ਕਰਨ ਦੀ ਲੋੜ ਹੁੰਦੀ ਹੈ।

ਸਾਰੇ ਯਾਤਰੀਆਂ ਨੂੰ ਉਹਨਾਂ ਸਾਰੇ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਾਸਤੇ ਇੰਤਜ਼ਾਮਾਂ ਦੀ ਜਾਂਚ ਕਰਨੀ ਚਾਹੀਦੀ ਹੈ ਜਿੰਨ੍ਹਾਂ ਤੱਕ ਤੁਸੀਂ ਯਾਤਰਾ ਕਰੋਗੇ ਜਾਂ ਲੰਘੋਗੇ। ਆਸਟ੍ਰੇਲੀਆ ਦੇ ਹਰੇਕ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵਿੱਚ ਲੋੜਾਂ ਵੱਖ-ਵੱਖ ਹੁੰਦੀਆਂ ਹਨ। ਵਧੇਰੇ ਜਾਣਕਾਰੀ ਵਾਸਤੇ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੀਆਂ ਪਹੁੰਚਣ ਦੀਆਂ ਲੋੜਾਂ ਵੇਖੋ।

## ਸਹਾਇਤਾ

ਜੇ ਤੁਹਾਨੂੰ ਆਪਣੇ DPD ਨੂੰ ਪੂਰਾ ਕਰਨ ਵਿੱਚ ਮਦਦ ਦੀ ਲੋੜ ਹੈ, ਤਾਂ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਨੂੰ ਵੇਖੋ।